# एथे आजा पौणाहरिया

ਏਥੇ ਆਜਾ ਪੌਣਾਹਾਰੀਆ
================
ਰੋਟ, ਪ੍ਰਸ਼ਾਦ ਅਸੀਂ, ਤੇਰੇ ਲਈ ਬਣਾਇਆ ਏ ।
ਆਸਣ, ਲਗਾ ਕੇ ਤੇਰਾ, ਭਵਨ ਸਜਾਇਆ ਏ ॥-2
ਲੱਡੂ, ਬਰਫ਼ੀ ਦਾ ਤੁਸੀਂ, ਭੋਗ ਲਾਇਓ ਆ ਕੇ ।
ਤੈਨੂੰ, ਰਲਮਿਲ, ਭਗਤਾਂ ਬੁਲਾਇਆ,,,
( ਏਥੇ ਆਜਾ ਪੌਣਾਹਾਰੀਆ )
ਅਖਾੜਾ, ਤੇਰੇ ਵੇ, ਨਾਮ ਦਾ ਲਾਇਆ,,,
( ਏਥੇ ਆਜਾ ਪੌਣਾਹਾਰੀਆ )

ਸਾਰਿਆਂ ਦੀ, ਪੂਰੀ ਕਰੀਂ, ਦਿਲ ਵਾਲੀ ਆਸ ਵੇ ।
ਖੁਸ਼ੀਆਂ ਦਾ, ਮੌਕਾ ਕਰ, ਦੇਈਂ ਨਾ ਨਿਰਾਸ਼ ਵੇ ॥
^ਤੇਰੇ ਵੇ, ਦੀਦਾਰ ਵਿੱਚ, ਸੁੱਖ ਹੈ ਸਵਰਗਾਂ ਦਾ ।
ਸਾਨੂੰ, ਕਰ, ਦੇਈਂ ਨਾ ਪਰਾਇਆ,,,
( ਏਥੇ ਆਜਾ ਪੌਣਾਹਾਰੀਆ )
ਅਖਾੜਾ, ਤੇਰੇ ਵੇ, ਨਾਮ ਦਾ ਲਾਇਆ,,,
( ਏਥੇ ਆਜਾ ਪੌਣਾਹਾਰੀਆ )

ਲੱਗਣਾ ਨਹੀਂ, ਜ਼ੋਰ ਆਜਾ, ਮਾਰ ਕੇ ਉੱਡਾਰੀਆਂ ।
ਤੇਰੀਆਂ, ਉਡੀਕਾਂ ਵਿੱਚ, ਸੰਗਤਾਂ ਨੇ ਸਾਰੀਆਂ ॥
^ਡਗਾ, ਢੋਲ ਉੱਤੇ ਵੱਜੇ, ਪੈਰ ਥੱਲੇ ਵੀ ਨਾ ਲੱਗੇ ।
ਤੇਰੇ, ਨਾਮ ਦਾ, ਸਰੂਰ ਜੇਹਾ ਛਾਇਆ,,,
( ਏਥੇ ਆਜਾ ਪੌਣਾਹਾਰੀਆ )
ਅਖਾੜਾ, ਤੇਰੇ ਵੇ, ਨਾਮ ਦਾ ਲਾਇਆ,,,
( ਏਥੇ ਆਜਾ ਪੌਣਾਹਾਰੀਆ )

ਕੇਹੜੀ ਗੱਲੋਂ, ਲਾਈਆਂ ਨੇ ਵੇ, ਜੋਗੀਆਂ ਤੂੰ ਦੇਰੀਆਂ ।
ਦੱਸ ਤਾਂ, ਸਹੀ ਤੂੰ ਸਾਥੋਂ, ਭੁੱਲਾਂ ਹੋਈਆਂ ਕੇਹੜੀਆਂ ॥
^ਦੇ ਦੇ, ਆਣ ਕੇ ਦੀਦਾਰ, ਸਾਡੀ ਸੁਣ ਲੈ ਪੁਕਾਰ ।
ਤੈਨੂੰ, ਦਿਲ ਵਾਲਾ, ਦੁੱਖੜਾ ਸੁਣਾਇਆ,,,
( ਏਥੇ ਆਜਾ ਪੌਣਾਹਾਰੀਆ )
ਅਖਾੜਾ, ਤੇਰੇ ਵੇ, ਨਾਮ ਦਾ ਲਾਇਆ,,,
( ਏਥੇ ਆਜਾ ਪੌਣਾਹਾਰੀਆ )

ਗਲ਼ ਪੱਲਾ, ਪਾ ਕੇ ਬੈਠੇ, ਪਲਕਾਂ ਵਿਛਾ ਕੇ ਵੇ ।
ਬੜੀਆਂ ਨੇ, ਰੀਝਾਂ ਵੇਖ, ਇੱਕ ਵਾਰੀ ਆ ਕੇ ਵੇ ॥
ਸੇਹਰੇ, ਵਾਲਾ ਭਿੰਦਾ, ਦੋਵੇਂ ਹੱਥ ਜੋੜ ਖੜ੍ਹਾ ।
ਨੂਰ ਨੂੰ, ਕਾਹਤੋਂ ਤਰਸਾਇਆ,,,
( ਏਥੇ ਆਜਾ ਪੌਣਾਹਾਰੀਆ )
ਅਖਾੜਾ, ਤੇਰੇ ਵੇ, ਨਾਮ ਦਾ ਲਾਇਆ,,,
( ਏਥੇ ਆਜਾ ਪੌਣਾਹਾਰੀਆ )

https://bhajanganga.com/bhajan/lyrics/id/33109/title/ethe-aaja-paunahariya

अपने Android मोबाइल पर BhajanGanga App डाउनलोड करें और भजनों का आनंद ले |